# ਡਾਇਰੈਕਟੋਰੇਟ ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ।

(ਲੇਖਾ ਸਾਖਾ)

Actt
24/5/17

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਮਲੇਰਕੋਟਲਾ।

ਨੰ: ਲੇਖਾ-6-ਉਕਵਲ-ਡਸਸ-(36)-17/24557
ਮਿਤੀ: 15-5-17

ਵਿਸ਼ਾ:- ਨਗਰ ਕੌਂਸਲ, ਮਲੇਰਕੋਟਲਾ ਦਾ ਬਜਟ ਸਾਲ 2017-18 ਸਬੰਧੀ।

*********

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਉਕਤ ਸਥਾਨਕ ਸੰਸਥਾ ਦਾ ਬਜਟ ਅਨੁਮਾਨ ਸਾਲ 2017-18 ਇਸ ਵਿਭਾਗ ਵਿਖੇ ਪ੍ਰਵਾਨਗੀ ਲਈ ਪ੍ਰਾਪਤ ਹੋਇਆ ਹੈ। ਸਥਾਨਕ ਸੰਸਥਾਂ ਵੱਲੋਂ ਸਾਲ 2017-18 ਲਈ ਅਸਲ ਆਮਦਨ ਅਤੇ ਖਰਚਾ ਹੇਠ ਅਨੁਸਾਰ ਦਰਸਾਇਆ ਗਿਆ ਹੈ :-

ਬਜਟ ਐਸਟੀਮੇਟ (2017-18) (ਰਕਮ ਲੱਖਾਂ ਵਿੱਚ)

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2017 ਨੂੰ ਮੁੱਢਲਾ ਬਕਾਇਆ (ਕੈਸ਼ ਬੁੱਕ ਅਨੁਸਾਰ) | 27.72 |
| ਸਾਲ 2017-18 ਲਈ ਆਮਦਨ | 2738.00 |
| ਕੁਲ | **2765.72** |
| ਖਰਚਾ | |
| ੳ) ਅਮਲਾ : ਕੇਵਲ ਮੌਜੂਦਾ ਪੋਸਟਾਂ ਅਤੇ ਏਰੀਅਰ ਲਈ / ਪੈਨਸ਼ਨ ਕੰਟਰੀਬਿਊਸ਼ਨ / ਰਿਟਾਇਰਮੈਂਟ ਬੈਨੀਫਿਟ/ ਗਰੈਚੂਟੀ ਅਤੇ ਲੀਵ ਇਨਕੈਸ਼ਮੈਂਟ | 1466.32 |
| ਅ) ਕੰਟੀਜੈਂਸੀ: | 98.66 |
| ੲ) ਵਿਕਾਸ ਦੇ ਕੰਮਾਂ ਲਈ: ਕਮਿਟਡ : 603.02<br>ਨਾਨ ਕਮਿਟਡ : 570.00 | 1173.02 |
| ਕੁਲ | **2738.00** |
| ਮਿਤੀ 31/3/2018 ਲਈ ਅੰਤਿਮ ਬਕਾਇਆ | 27.72 |
| ਕੁਲ | **2765.72** |

<u>ਆਮਦਨ-</u> ਇਸ ਮੱਦ ਅਧੀਨ ਸਾਲ 2017-18 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 2738.00 ਲੱਖ ਰੁਪਏ ਪ੍ਰਵਾਨ ਕੀਤੀ ਜਾਂਦੀ ਹੈ -

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਹਾਊਸ/ਪ੍ਰਾਪਰਟੀ ਟੈਕਸ | 300.00 |
| ਵੈਟ | 1700.00 |
| ਬਿਜਲੀ ਤੇ ਚੂੰਗੀ | 240.00 |
| ਐਕਸਾਈਜ ਡਿਊਟੀ | 50.00 |
| ਵਿਗਿਆਪਨ | 15.00 |
| ਬੱਸ ਅੱਡਾ ਫੀਸ | 25.00 |
| ਵ/ਸ/ਸੀਵਰੇਜ/ਕੁਨੈਕਸ਼ਨ | 82.00 |
| ਬਿਲਡਿੰਗ ਐਪਲੀਕੇਸ਼ਨ | 30.00 |
| ਰੋਡ ਕਟਿੰਗ | 30.00 |
| ਰੈਂਟ/ਫਾਇਰ ਸੈਸ | 20.00 |
| ਮੁਰਦਾ ਜਾਨਵਰ | 15.00 |
| ਮਿਸਲੇਨੀਅਸ ਸੇਲ ਆਫ ਲੈਂਡ (ਟੋਕਨ ਪ੍ਰੋਵੀਜਨ) | 200.00 |
| ਮਿਸਲੇਨੀਅਸ | 20.00 |
| ਟੈਕਸ/ਲਾਇਸੰਸ ਫੀਸ/ਲੇਬਰ ਸੈਸ ਆਦਿ | 11.00 |
| ਕੁਲ ਜੋੜ | **2738.00** |

ਨੋਟ :- ਆਪ ਵੱਲੋਂ ਕੌਂਸਲ ਦੇ ਬਜਟ ਅਧੀਨ ਹਾਊਸ/ਪ੍ਰਾਪਰਟੀ ਟੈਕਸ ਅਧੀਨ ਪਿਛਲ ਸਾਲਾਂ ਦਾ ਲਗਭਗ 200.00 ਲੱਖ ਰੁਪਏ ਦਾ ਬਕਾਇਆ ਦੱਸਿਆ ਗਿਆ ਸੀ। ਜਿਸ ਦੇ ਵਿਰੁੱਧ ਆਪ ਵੱਲੋਂ ਕੇਵਲ 83.12 ਲੱਖ ਰੁਪਏ ਹੀ ਵਸੂਲ ਕੀਤੇ ਗਏ ਹਨ ਜੋ ਕਿ ਤਜਵੀਜ ਟੀਚੇ ਦਾ 20.78% ਹੀ ਹੈ। ਇਸ ਲਈ ਆਪ ਨੂੰ ਨਿਰਧਾਰਤ ਟੀਚੇ ਹਰ ਹਾਲਤ ਵਿੱਚ ਮਿੱਥਣ ਦੀ ਹਦਾਇਤ ਕੀਤੀ ਜਾਂਦੀ ਹੈ।

ੳ) ਇਸੇ ਤਰਾਂ ਵਾਟਰ ਸ਼ਪਲਾਈ ਤੇ ਸੀਵਰੇਜ ਹੈਡ ਅਧੀਨ 125.00 ਲੱਖ ਰੁਪਏ ਦਾ ਟੀਚਾ ਮਿਥਿਆ ਗਿਆ ਸੀ ਜਿਸ ਦੇ ਵਿਰੁੱਧ ਆਪ ਵੱਲੋਂ ਕੇਵਲ 35.66 ਲੱਖ ਰੁਪਏ ਹੀ ਵਸੂਲ ਕੀਤੇ ਗਏ ਹਨ ਜੋ ਕਿ ਟੀਚੇ ਦਾ 28.52% ਹੀ ਹਨ। ਇਸ ਲਈ ਆਪ ਨੂੰ ਆਮਦਨ ਦੇ ਸ੍ਰੋਤ ਹਰ ਹਾਲਤ ਵਿੱਚ ਵਧਾਉਣ ਦੀ ਹਦਾਇਤ ਵੀ ਕੀਤੀ ਜਾਂਦੀ ਹੈ।

ਖਰਚਾ:

ਅਮਲਾ: ਅਮਲਾ ਹੈਡ ਅਧੀਨ 1466.32 ਲੱਖ ਰੁਪਏ ਪ੍ਰਵਾਨ ਕੀਤੇ ਜਾਂਦੇ ਹਨ। ਬਜਟ ਵਿੱਚ ਖਾਲੀ ਪੋਸਟਾਂ ਦਾ ਖਰਚਾ ਪ੍ਰਵਾਨ ਨਹੀਂ ਕੀਤਾ ਗਿਆ ਹੈ ਜਦੋਂ ਅਸਾਮੀਆਂ ਦੀ ਭਰਤੀ ਕੀਤੀ ਜਾਵੇਗੀ ਉਸ ਸਮੇਂ ਖਰਚਾ ਪ੍ਰਵਾਨ ਕਰਵਾ ਲਿਆ ਜਾਵੇ। ਇਸ ਮੱਦ ਅਧੀਨ ਪ੍ਰਵਾਨ ਹੋਇਆ ਖਰਚਾ ਕੇਵਲ ਮੌਜੂਦਾ ਪੋਸਟਾਂ ਲਈ, ਪੈਨਸ਼ਨ ਕੰਟਰੀਬਿਊਸ਼ਨ ਲਈ ਵਰਤਿਆ ਜਾਵੇਗਾ। ਲੰਬਿਤ ਦੇਣਦਾਰੀਆਂ ਪਹਿਲ ਦੇ ਆਧਾਰ ਤੇ ਅਦਾ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

ਨੋਟ :- ਨਗਰ ਕੌਂਸਲ ਨੂੰ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਅਸਾਮੀ ਨੂੰ ਆਪਣੇ ਪੱਧਰ ਤੇ ਇਸ ਵਿਭਾਗ ਤੋਂ ਪ੍ਰਵਾਨਤ ਸਕੇਲ ਤੋਂ ਵੱਧ ਸਕੇਲ ਨਾ ਦਿੱਤਾ ਜਾਵੇ ਅਤੇ ਨਾ ਹੀ ਕਿਸੇ ਪੋਸਟ ਨੂੰ ਇਸ ਵਿਭਾਗ ਤੋਂ ਪ੍ਰਵਾਨਤ ਪੋਸਟਾਂ ਤੋਂ ਇਲਾਵਾ ਕੋਈ ਡੈਜੀਗਨੇਸ਼ਨ ਦਿੱਤਾ ਜਾਵੇ।

ਕੰਟੀਜੈਂਸੀ:- ਇਸ ਮੱਦ ਅਧੀਨ ਸਾਲ 2017-18 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 98.66 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਸਟੇਸ਼ਨਰੀ | 3.00 |
| ਪੀ.ਓ.ਐਲ /ਗੱਡੀਆਂ ਦਾ ਰੱਖ ਰਖਾਵ | 80.00 |
| ਕੰਪਿਊਟਰ | 1.00 |
| ਵਿਗਿਆਪਨ | 5.00 |
| ਟੈਲੀਫੋਨ | 0.65 |
| ਮਿਸਲੇਨੀਅਸ (ਅਦਰਜ) | 9.01 |
| ਕੁਲ ਜੋੜ | **98.66** |

ਨੋਟ:- ਕਿਸੇ ਵੀ ਸਬ ਹੈਡ ਅਧੀਨ ਖਰਚਾ ਵੱਧਣ ਦੀ ਸੂਰਤ ਵਿੱਚ ਇਸ ਦਫਤਰ ਵੱਲੋਂ ਬਜਟ ਵਿੱਚ ਸੋਧ ਕਰਵਾਈ ਜਾਵੇ ਅਤੇ ਆਪਣੇ ਪੱਧਰ ਤੇ ਸਬ ਹੈਡਾਂ ਦੇ ਬਜਟ ਦੀ ਅਡਜਸਟਮੈਂਟ ਨਾ ਕੀਤੀ ਜਾਵੇ।

ਵਿਕਾਸ:- ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ (ਕਮਿਟਡ ਅਤੇ ਨਾਨ ਕਮਿਟਡ) ਲਈ ਕੁਲ ਖਰਚਾ 1173.02 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ (ਕਮਿਟਡ) | ਵਿਭਾਗ ਦੀ ਪ੍ਰਵਾਨਗੀ |
|---|---|
| ਟਿਊਬਵੈਲ ਬਿਲ | 280.00 |
| ਵਾਟਰ ਸਪਲਾਈ/ਸੀਵਰੇਜ ਦਾ ਰੱਖ ਰਖਾਵ | 90.00 |
| ਸਟਰੀਟ ਲਾਈਟ ਬਿਜਲੀ ਬਿਲ | 165.00 |
| ਬਿਜਲੀ ਤੇ ਰੱਖ ਰਖਾਵ | 40.00 |
| ਡਾਇਰੈਕਟੋਰੇਟ/ਇਲੈਕਸ਼ਨ ਚਾਰਜਿਜ | 7.40 |
| ਆਡਿਟ ਫੀਸ | 0.62 |
| ਕਾਨੂੰਨੀ ਖਰਚੇ | 10.00 |
| ਐਮ.ਸੀ ਬਿਲਡਿੰਗ ਦੀ ਉਸਾਰੀ | 10.00 |
| ਜੋੜ | **603.02** |
| **ਨਾਨ ਕਮਿਟਡ** | **ਵਿਭਾਗ ਦੀ ਪ੍ਰਵਾਨਗੀ** |
| ਸੀ.ਸੀ.ਫਲੋਰਿੰਗ | 95.00 |
| ਨਵੀਂਆਂ ਗਲੀਆਂ/ਰਿਪੇਅਰ | 157.00 |
| ਨਵੀਂਆਂ ਨਾਲੀਆਂ ਦੀ ਉਸਾਰੀ/ਰਿਪੇਅਰ | 60.00 |
| ਨਵੀਂ ਵ/ਸ ਲਾਈਨ | 15.00 |
| ਨਵੀਂਆਂ ਸੜਕਾਂ/ਰਿਪੇਅਰ | 65.00 |
| ਨਵੀਂ ਸੀਵਰੇਜ | 20.00 |
| ਮਸ਼ੀਨਰੀ ਦੀ ਖਰੀਦ | 20.00 |

| | |
|---|---|
| ਸਫਾਈ ਦੇ ਕੰਮ ਠੇਕਾ | 30.00 |
| ਹੋਰ ਫੁਟਕਲ ਕੰਮਾਂ ਵਾਸਤੇ | 108.00 |
| ਜੋੜ | **570.00** |

ਮਿਤੀ 31/3/2018 ਲਈ ਅੰਤਿਮ ਬਕਾਇਆ 27.72 ਲੱਖ ਰੁਪਏ ਨਿਸਚਿਤ ਗਿਆ ਹੈ।

ਉਪਰੋਕਤ ਦਰਸਾਏ ਵੇਰਵੇ ਨਗਰ ਕੌਂਸਲ, ਮਲੇਰਕੋਟਲਾ ਦੀ ਸਾਲ 2016-17 ਦੀ ਅਸਲ ਵਿੱਤੀ ਸਥਿਤੀ ਅਤੇ ਸਾਲ 2017-18 ਦੀ ਅਨੁਮਾਨਤ ਵਿੱਤੀ ਸਥਿਤੀ ਦਰਸਾਉਂਦੇ ਹਨ। ਇਸ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਨਗਰ ਕੌਂਸਲ ਦੀ ਆਮਦਨ ਵਧਾਉਣ ਲਈ ਆਪ ਵੱਲੋਂ ਨਿੱਜੀ ਪੱਧਰ ਤੇ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਬਜਟ ਦੇ ਟੀਚੇ ਮਿੱਥੇ ਜਾ ਸਕਣ ਅਤੇ ਵਿਕਾਸ ਦੇ ਕੰਮਾਂ ਵੱਲ ਧਿਆਨ ਦਿੱਤਾ ਜਾ ਸਕੇ।

ਵਿਸ਼ੇਸ ਨੋਟ :- ਆਪ ਨੂੰ ਵਿਸੇਸ ਤੌਰ ਤੇ ਲਿਖਿਆ ਜਾਂਦਾ ਹੈ ਕਿ ਨਗਰ ਕੌਂਸਲ ਵਲੋਂ ਕੀਤੀ ਜਾਣ ਵਾਲੀ ਹਰ ਤਰਾਂ ਦੀ ਅਦਾਇਗੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ Aadhar Linked-Digital ਖਾਤਿਆਂ ਵਿੱਚ ਹੀ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

ਸ਼ਰਤਾਂ:-

1. ਸਾਲ 2017-18 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਕਾਰਜ ਸਾਧਕ ਅਫਸਰ ਦੀ ਜੁੰਮੇਵਾਰੀ ਹੋਵੇਗੀ ।
2. ਨਗਰ ਕੌਂਸਲ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ ।
3. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।
4. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ ।
5. ਕੋਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾ ਨਾ ਭਰੀ ਜਾਵੇ ।
6. ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ ।
7. ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾ ਖਰੀਦ ਨਾ ਕੀਤਾ ਜਾਵੇ ।
8. ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸ਼ੇਸ਼ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।
9. ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦਾ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।
10. ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਉਂਸਪਲ ਭਵਨ ਲਈ ਨਗਰ ਕੌਂਸਲ ਦੀ ਕੁਲ ਆਮਦਨ ਦਾ 1% ਦੀ ਰਾਸ਼ੀ ਦਾ ਉਪਬੰਧ ਕੀਤਾ ਜਾਂਦਾ ਹੈ ।
11. ਵਿਕਾਸ : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ । ਹਰ ਹਾਲਤ ਵਿਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮਾਂ ਸੀਮਾਂ ਅਤੇ ਮਿਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ । ਗਰਾਂਟ ਦਾ ਖਰਚਾ ਸਕੀਮ ਵਿਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਕੌਂਸਲ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ ।
12. ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ ।
13. ਸਾਲ 2017-18 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ ।
14. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ.ਦੀ ਅਦਾਇਗੀ, ਪੈਨਸਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ.ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।
15. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆ ਲਈ ਜਾਰੀ ਕੀਤੇ ਦਿਸਾ-ਨਿਰਦੇਸਾ ਦੀ ਪਾਲਣਾ ਕੀਤੀ ਜਾਵੇ
16. ਸਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ ।
17. ਸਾਲ 2017-18ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੌਂਸਲ ਦੇ ਵਿਕਾਸ ਦੇ ਫੰਡ ਵਿੱਚੋਂ ਸਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।
18. ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸਨ ਕਰਨ ਲਈ ਬਜਟ ਦੇ ਫੰਡਾ ਵਿਚ ਆਪ ਦੇ ਅਧਿਕਾਰੀਆ / ਕਰਮਚਾਰੀਆ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆ ਬਰਾਂਚਾ ਦੀ ਨੈੱਟ ਵਰਕਿੰਗ ਕਰਕੇ ਕੰਪਿਊਟਰਾਈਜੇਸਨ ਹਰ ਹਾਲਤ ਵਿੱਚ ਕੀਤੀ ਜਾਵੇ ।
19. ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਭਾਗ ਅਫਸਰ
ਸਥਾਨਕ ਸਰਕਾਰ ਵਿਭਾਗ ਪੰਜਾਬ

ਪਿੱਠ ਅੰਕਣ ਨੰ:ਲੇਖਾ-6-ਉਕਵਲ-ਡਸਸ-(36)-17/ ਮਿਤੀ:

ਇਸ ਦਾ ਇੱਕ ਉਤਾਰਾ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਭਾਗ ਅਫਸਰ
ਸਥਾਨਕ ਸਰਕਾਰ ਵਿਭਾਗ ਪੰਜਾਬ